**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀਮਤੀ ਸੁਖਵੀਰ ਕੌਰ ਵਾਲੀਆ,
ਪਤਨੀ ਲੇਟ ਸ਼੍ਰੀ ਅਸ਼ੋਕ ਵਾਲੀਆ,
ਮਕਾਨ ਨੰ:126, ਗਲੀ ਨੰ:5,
ਨੌਰਥ ਅਸਟੇਟ, ਬਠਿੰਡਾ-151001. -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਪੰਜਾਬੀ ਯੂਨੀਵਰਸਟੀ,
ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ: 490/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਸ਼੍ਰੀ ਵਰੁਣ ਬਾਂਸਲ, ਆਰ.ਟੀ.ਆਈ. ਕੌਂਸਲਰ (7696145446)।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ (98141-05515)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 11-07-2018, ਲੋਕ ਸੂਚਨਾ ਅਧਿਕਾਰੀ ਦਫਤਰ ਪੰਜਾਬੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਐਸ.ਐਸ.ਡੀ. ਗਰਲਜ਼ ਕਾਲਿਜ ਬਠਿੰਡਾ ਦੇ ਅਕੈਡਮਿਕ ਸੈਸ਼ਨ 2003 ਤੋਂ 2013 ਲਈ ਅਧਿਆਪਕਾਂ ਦੀ ਸਾਲਾਨਾ ਰਿਟਰਨ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 03-09-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 24-01-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 13-02-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 18-03-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਪਰੰਤੂ ਬਾਅਦ ਵਿੱਚ ਇਸ ਕੇਸ ਦੀ ਸੁਣਵਾਈ ਮੁਲਤਵੀ ਕਰਕੇ ਇਹ ਕੇਸ ਮਿਤੀ 20-03-2019 ਨੂੰ ਸਵੇਰੇ 11:30 ਵਜੇ ਸੁਣਵਾਈ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਵੱਲੋਂ ਹਾਜ਼ਰ, ਸ਼੍ਰੀ ਵਰੁਣ ਬਾਂਸਲ, ਆਰ.ਟੀ.ਆਈ. ਕੌਂਸਲਰ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਵਿਕਰਾਂਤ ਸ਼ਰਮਾ, ਐਡਵੋਕੇਟ, ਨੇ ਕਿਹਾ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਸਬੰਧੀ ਉਨ੍ਹਾਂ ਕੋਲ ਕੋਈ ਵੀ ਰਿਕਾਰਡ ਉਪਲਬਧ ਨਹੀਂ ਹੈ।ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਉਨ੍ਹਾਂ ਵੱਲੋਂ ਅਪੀਲਕਰਤਾ ਦੀ ਆਰ.ਟੀ.ਆਈ., ਮਿਤੀ 11-07-2018 ਜ਼ੋ ਕਿ ਉਨ੍ਹਾਂ ਨੂੰ ਮਿਤੀ 16-07-2018 ਨੂੰ ਪ੍ਰਾਪਤ ਹੋਈ ਸੀ, ਦਾ ਜਵਾਬ ਆਪਣੇ ਪੱਤਰ ਨੰ:5248/ਐਸ.-7/619-18/ਆਰ.ਟੀ.ਆਈ. ਸੈੱਲ,

ਚਲਦਾ----ਪੰਨਾ/2

**ਅਪੀਲ ਕੇਸ ਨੰ:** 490/2019

ਮਿਤੀ 16-08-2018 ਰਾਹੀਂ ਰਜਿਸਟਰਡ ਡਾਕ ਦੁਆਰਾ ਅਪੀਲਕਰਤਾ ਨੂੰ ਭੇਜਦੇ ਹੋਏ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਮੰਗੀ ਗਈ ਜਾਣਕਾਰੀ ਸਬੰਧੀ ਸਿੱਧੇ ਤੌਰ ਤੇ ਸਬੰਧਤ ਕਾਲਜ ਨਾਲ ਸੰਪਰਕ ਕੀਤਾ ਜਾਵੇ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਇਸ ਬਾਰੇ ਆਪਣੇ ਪੱਤਰ ਨੰ:1939/ਐਸ.-7/619-18/ਆਰ.ਟੀ.ਆਈ. ਸੈੱਲ, ਮਿਤੀ 12-03-2019 ਰਾਹੀਂ ਕਮਿਸ਼ਨ ਨੂੰ ਵੀ ਵਿਸਥਾਰ-ਪੂਰਵਕ ਸੂਚਿਤ ਕੀਤਾ ਹੋਇਆ ਹੈ। ਉੱਤਰਦਾਤਾ ਵੱਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਈ ਗਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 20 ਮਾਰਚ, 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀਮਤੀ ਸੁਖਵੀਰ ਕੌਰ ਵਾਲੀਆ,
ਪਤਨੀ ਲੇਟ ਸ਼੍ਰੀ ਅਸ਼ੋਕ ਵਾਲੀਆ,
ਮਕਾਨ ਨੰ:126, ਗਲੀ ਨੰ:5,
ਨੌਰਥ ਅਸਟੇਟ, ਬਠਿੰਡਾ-151001. -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ), ਪੰਜਾਬ,
ਸਿੱਖਿਆ ਭਵਨ, ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ), ਪੰਜਾਬ,
ਸਿੱਖਿਆ ਭਵਨ, ਮੁਹਾਲੀ। ------ਉੱਤਰਦਾਤਾ

**ਅਪੀਲ ਕੇਸ ਨੰ: 491/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਸ਼੍ਰੀ ਵਰੁਣ ਬਾਂਸਲ, ਆਰ.ਟੀ.ਆਈ. ਕੌਂਸਲਰ (76961-45446)।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 26-09-2018, ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ), ਪੰਜਾਬ, ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ:6860, ਮਿਤੀ 24-03-99 ਜਿਸ ਰਾਹੀਂ ਐਫੀਲੀਏਟਿਡ ਕਾਲਿਜਾਂ ਦੇ ਸਹਾਇਤਾ ਪ੍ਰਾਪਤ ਅਧਿਆਪਕਾਂ ਨੂੰ ਸੋਧਿਆ ਹੋਇਆ ਸਕੇਲ ਦਿੱਤਾ ਗਿਆ ਸੀ, ਡੀ.ਪੀ.ਆਈ.(ਕ) ਦੇ ਪੱਤਰ, ਮਿਤੀ 24-3-95 ਅਤੇ ਪੰਜਾਬ ਸਰਕਾਰ ਦੇ ਪੱਤਰ, ਮਿਤੀ 03-06-2003 ਨਾਲ ਸਬੰਧਤ 03 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 24-08-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 24-01-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 13-02-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 18-03-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਪਰੰਤੂ ਬਾਅਦ ਵਿੱਚ ਇਸ ਕੇਸ ਦੀ ਸੁਣਵਾਈ ਮੁਲਤਵੀ ਕਰਕੇ ਇਹ ਕੇਸ ਮਿਤੀ 20-03-2019 ਨੂੰ ਸਵੇਰੇ 11:30 ਵਜੇ ਸੁਣਵਾਈ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਅਪੀਲਕਰਤਾ ਵੱਲੋਂ ਹਾਜ਼ਰ, ਸ਼੍ਰੀ ਵਰੁਣ ਬਾਂਸਲ, ਆਰ.ਟੀ.ਆਈ. ਕੌਂਸਲਰ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ

ਚਲਦਾ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 491/2019**

ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਖਿਲਾਫ ਸੂਚਨਾ ਦਾ ਅਧਿਕਾਰ ਐਕਟ, 2005 ਤਹਿਤ ਇਕਤਰਫ਼ਾ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 15-04-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 20 ਮਾਰਚ, 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜੇਸ਼ ਕੁਮਾਰ, (ਮੋਬ: 99148-70555)
ਪੁੱਤਰ ਸ਼੍ਰੀ ਦੇਵ ਰਾਜ,
ਵਾਰਡ ਨੰ:5 ਨੇੜੇ ਹਿੰਦ ਹਸਪਤਾਲ,
ਅਹਿਮਦਗੜ੍ਹ। --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਅਹਿਮਦਗੜ੍ਹ।

(ਰਜਿਸਟਰਡ) ਸ਼੍ਰੀ ਚੰਦਰ ਪ੍ਰਕਾਸ਼,
ਕਾਰਜ ਸਾਧਕ ਅਫਸਰ-ਕਮ-
ਲੋਕ ਸੂਚਨਾ ਅਧਿਕਾਰੀ,
ਦਫਤਰ ਨਗਰ ਕੌਂਸਿਲ,
ਅਹਿਮਦਗੜ੍ਹ। --------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 88/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀਮਤੀ ਪੂਜਾ ਗੁਪਤਾ, ਲੇਖਾਕਾਰ (98145-23566)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 23-10-2018, ਲੋਕ ਸੂਚਨਾ ਅਧਿਕਾਰੀ ਦਫਤਰ ਕਾਰਜ ਸਾਧਕ ਅਫਸਰ, ਨਗਰ ਕੌਂਸਿਲ, ਅਹਿਮਦਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗਊਸ਼ਾਲਾ ਅਹਿਮਦਗੜ੍ਹ ਨੂੰ ਦਿੱਤੇ ਗਏ ਸੀਵਰੇਜ਼ ਕੁਨੈਕਸ਼ਨ ਆਦਿ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 21-01-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 13-02-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 18-03-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਪਰੰਤੂ ਬਾਅਦ ਵਿੱਚ ਇਸ ਕੇਸ ਦੀ ਸੁਣਵਾਈ ਮੁਲਤਵੀ ਕਰਕੇ ਇਹ ਕੇਸ ਮਿਤੀ 20-03-2019 ਨੂੰ ਸਵੇਰੇ 11:30 ਵਜੇ ਸੁਣਵਾਈ ਲਈ ਨਿਸਚਿਤ ਕੀਤਾ ਗਿਆ ਸੀ।

2. ਸ਼ਿਕਾਇਤਕਰਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ, ਮਿਤੀ 18-03-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀਮਤੀ ਪੂਜਾ ਗੁਪਤਾ, ਲੇਖਾਕਾਰ ਨੇ ਪੱਤਰ ਨੰ:113, ਮਿਤੀ 15-01-2019 ਦੀ ਕਾਪੀ ਪੇਸ਼ ਕੀਤੀ ਹੈ ਜਿਸ ਅਨੁਸਾਰ ਸ਼ਿਕਾਇਤਕਰਤਾ ਨੂੰ ਜਵਾਬ ਭੇਜਿਆ ਗਿਆ

ਚਲਦਾ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਸ਼ਿਕਾਇਤ ਕੇਸ ਨੰ: 88/2019

ਸੀ ਕਿ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਇੱਕ ਸਵਾਲ ਹੋਣ ਕਾਰਨ ਉਸ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

3. ਸ਼ਿਕਾਇਤਕਰਤਾ ਵੱਲੋਂ ਆਰ.ਟੀ.ਆਈ. ਮਿਤੀ 23-10-2018 ਨੂੰ ਦਾਇਰ ਕੀਤੀ ਗਈ ਸੀ ਜਿਸ ਦਾ ਜਵਾਬ ਮਿਤੀ 22-11-2018 ਤੱਕ ਦੇਣਾ ਬਣਦਾ ਸੀ ਪਰੰਤੂ ਉੱਤਰਦਾਤਾ ਵੱਲੋਂ ਸ਼ਿਕਾਇਤਕਰਤਾ ਨੂੰ ਮਿਤੀ 15-01-2019 ਨੂੰ ਜਵਾਬ ਭੇਜਿਆ ਗਿਆ। ਸ਼ਿਕਾਇਤਕਰਤਾ ਨੂੰ ਨਿਰਧਾਰਿਤ ਸਮੇਂ ਅੰਦਰ ਜਵਾਬ ਨਾ ਦੇਣ ਬਾਰੇ ਹਾਜ਼ਰ ਉੱਤਰਦਾਤਾ ਪੂਰੀ ਤਰ੍ਹਾਂ ਸਪੱਸ਼ਟ ਜਵਾਬ ਨਹੀਂ ਦੇ ਸਕੀ। ਇਹ ਇੱਕ ਸ਼ਿਕਾਇਤ ਕੇਸ ਹੋਣ ਕਰਕੇ ਉੱਤਰਦਾਤਾ, ਸ਼੍ਰੀ ਚੰਦਰ ਪ੍ਰਕਾਸ਼, ਕਾਰਜ ਸਾਧਕ ਅਫਸਰ-ਕਮ-ਲੋਕ ਸੂਚਨਾ ਅਧਿਕਾਰੀ, ਦਫਤਰ ਨਗਰ ਕੌਂਸਿਲ, ਅਹਿਮਦਗੜ੍ਹ ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਤਹਿਤ ਕਾਰਨ-ਦੱਸੋ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਉਹ ਹਲਫੀਆ-ਬਿਆਨ ਰਾਹੀਂ ਕਾਰਨ ਸਪੱਸ਼ਟ ਕਰਨ ਕਿ ਕਿਉਂ ਨਾ ਉਨ੍ਹਾਂ ਨੂੰ ਸ਼ਿਕਾਇਤਕਰਤਾ ਵੱਲੋਂ ਬਿਨੈ-ਪੱਤਰ ਪੇਸ਼ ਕਰਨ ਦੀ ਮਿਤੀ ਤੋਂ ਸ਼ਿਕਾਇਤਕਰਤਾ ਨੂੰ ਲੋੜੀਂਦੀ ਸੂਚਨਾ ਮੁਹੱਈਆ ਕਰਨ ਦੀ ਮਿਤੀ ਤੱਕ 250/-ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਪਰ ਵੱਧ ਤੋਂ ਵੱਧ 25,000/-ਰੁਪਏ ਤੱਕ ਜੁਰਮਾਨੇ ਦੀ ਸਜ਼ਾ ਦਿੱਤੀ ਜਾਵੇ।

ਉਕਤ ਤਜਵੀਜ਼ਤ ਸਜ਼ਾ ਦੇਣ ਤੋਂ ਪਹਿਲਾਂ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਦੇ ਹੇਠਾਂ ਦਿੱਤੇ ਗਏ ਪ੍ਰੋਵੀਜ਼ੋ ਤਹਿਤ ਸਬੰਧਤ ਅਧਿਕਾਰੀ ਨੂੰ ਆਪਣਾ ਜਵਾਬ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਉਹ ਨਿਸ਼ਚਿਤ ਮਿਤੀ ਤੋਂ ਪਹਿਲਾਂ ਜਾਂ ਨਿਸ਼ਚਿਤ ਮਿਤੀ ਤੇ ਹਾਜ਼ਰ ਹੋ ਕੇ ਆਪਣਾ ਲਿਖਤੀ ਜਵਾਬ ਪੇਸ਼ ਨਹੀਂ ਕਰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁੱਝ ਵੀ ਕਹਿਣਾ ਨਹੀਂ ਚਾਹੁੰਦੇ ਅਤੇ ਐਕਟ ਦੇ ਉਪਬੰਧਾਂ ਤਹਿਤ ਉਨ੍ਹਾਂ ਵਿਰੁੱਧ ਬਣਦੀ ਅਗਲੇਰੀ ਇਕਤਰਫਾ ਕਾਰਵਾਈ ਕੀਤੀ ਜਾਵੇਗੀ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 15-04-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 20 ਮਾਰਚ, 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਸ਼ੁਖਵਿੰਦਰ ਸਿੰਘ, ਐਡਵੋਕੇਟ, (ਮੋਬ: 98142-60955)
ਪੁੱਤਰ ਸ਼੍ਰੀ ਸੰਤੋਖ ਸਿੰਘ,
ਮਕਾਨ ਨੰ:430, ਖਲੀਫਾ ਬਾਗ,
ਧੂਰੀ ਰੋਡ, ਸੰਗਰੂਰ। -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਸੰਗਰੂਰ। -------ਉੱਤਰਦਾਤਾ

**ਸ਼ਿਕਾਇਤ ਕੇਸ ਨੰ:89/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ ਵੱਲੋਂ ਸ਼੍ਰੀ ਅਰਜਨ ਦੇਵ, ਜੂਨੀਅਰ ਇੰਜੀਨੀਅਰ (98153-10653)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 28-11-2018, ਲੋਕ ਸੂਚਨਾ ਅਧਿਕਾਰੀ ਦਫਤਰ ਕਾਰਜ ਸਾਧਕ ਅਫਸਰ, ਨਗਰ ਕੌਂਸਿਲ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਰਾਮ ਬਸਤੀ ਖਲੀਫਾ ਬਾਗ ਵਾਰਡ ਨੰ:1 ਸੰਗਰੂਰ ਵਿੱਚ ਰੇਲਵੇ ਲਾਈਨ ਦੇ ਨਾਲ ਲਗਦੀਆਂ ਕੁੱਝ ਗਲੀਆਂ ਜਿਨ੍ਹਾਂ ਵਿੱਚ ਸੀਵਰੇਜ਼ ਅਤੇ ਇੰਟਰਲਾਕ ਟਾਈਲਾਂ ਨਹੀਂ ਲਗਾਈਆਂ ਗਈਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 21-01-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 13-02-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 18-03-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਪਰੰਤੂ ਬਾਅਦ ਵਿੱਚ ਇਸ ਕੇਸ ਦੀ ਸੁਣਵਾਈ ਮੁਲਤਵੀ ਕਰਕੇ ਇਹ ਕੇਸ ਮਿਤੀ 20-03-2019 ਨੂੰ ਸਵੇਰੇ 11:30 ਵਜੇ ਸੁਣਵਾਈ ਲਈ ਨਿਸਚਿਤ ਕੀਤਾ ਗਿਆ ਸੀ।

2. ਉੱਤਰਦਾਤਾ ਵੱਲੋਂ ਹਾਜ਼ਰ, ਸ਼੍ਰੀ ਅਰਜਨ ਦੇਵ, ਜੂਨੀਅਰ ਇੰਜੀਨੀਅਰ ਨੇ ਪੱਤਰ ਨੰ:362/ਏ.ਐਮ.ਈ., ਮਿਤੀ 04-01-2019 ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਹੈ ਕਿ ਸ਼ਿਕਾਇਤਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਸ਼ਿਕਾਇਤਕਰਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਪੱਤਰ, ਮਿਤੀ 14-03-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਸ ਵੱਲੋਂ ਮਿਤੀ 07-03-2019 ਨੂੰ ਸੂਚਨਾ ਪ੍ਰਾਪਤ ਕਰ ਲਈ ਹੈ ਅਤੇ ਇਸੇ ਅਨੁਸਾਰ ਕੇਸ ਦਾ ਫੈਸਲਾ ਕਰਨ ਲਈ ਬੇਨਤੀ ਕੀਤੀ ਗਈ ਹੈ। ਉੱਤਰਦਾਤਾ ਵੱਲੋਂ ਸ਼ਿਕਾਇਤਕਰਤਾ ਨੂੰ ਦਿੱਤੀ ਗਈ ਸੂਚਨਾ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਈ ਗਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 20 ਮਾਰਚ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਅਵਤਾਰ ਸਿੰਘ, (ਮੋਬ:9592795419)
ਪੁੱਤਰ ਸ਼੍ਰੀ ਮੱਖਣ ਸਿੰਘ,
ਵਾਸੀ ਵਾਰਡ ਨੰ:9,
ਗਾਰਡਨ ਐਵਨਿਊ, ਅੰਬੇਦਕਰ ਹਾਊਸ,
ਨੇੜੇ ਕਨਾਲ, ਅਜਨਾਲਾ,
ਜ਼ਿਲ੍ਹਾ ਅੰਮ੍ਰਿਤਸਰ। -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਜਨਰਲ ਮੈਨੇਜਰ-ਕਮ-
ਮਾਈਨਿੰਗ ਅਫਸਰ,
ਜ਼ਿਲ੍ਹਾ ਉਦਯੋਗ ਕੇਂਦਰ,
ਅੰਮ੍ਰਿਤਸਰ। -------ਉੱਤਰਦਾਤਾ

**ਸ਼ਿਕਾਇਤ ਕੇਸ ਨੰ:117/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗੁਰਮੀਤ ਸਿੰਘ, ਉਪ ਮੰਡਲ ਅਫਸਰ-ਕਮ-ਸਹਾਇਕ ਜ਼ਿਲ੍ਹਾ ਮਾਈਨਿੰਗ ਅਫਸਰ (95010-52222)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 12-04-2018, ਲੋਕ ਸੂਚਨਾ ਅਧਿਕਾਰੀ ਦਫਤਰ ਜਨਰਲ ਮੈਨੇਜਰ-ਕਮ-ਮਾਈਨਿੰਗ ਅਫਸਰ, ਜ਼ਿਲ੍ਹਾ ਉਦਯੋਗ ਕੇਂਦਰ, ਅੰਮ੍ਰਿਤਸਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਤਰਨ ਤਾਰਨ ਵਿੱਚ ਸਾਲ 2016 ਅਤੇ ਉਸ ਤੋਂ ਬਾਅਦ ਸਾਰੇ ਰੇਤਾ ਨਿਕਾਸੀ ਦੇ ਸਮੂਹ ਨਿਲਾਮੀ ਨੋਟਿਸਾਂ, ਰਾਵੀ, ਬਿਆਸ ਦਰਿਆ ਅਤੇ ਅਜਨਾਲਾ ਵਿੱਚ ਚੱਲ ਰਹੀਆਂ ਰੇਤੇ ਦੀਆਂ ਖੱਡਾਂ ਆਦਿ ਨਾਲ ਸਬੰਧਤ 12 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-01-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 13-02-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 18-03-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਪਰੰਤੂ ਬਾਅਦ ਵਿੱਚ ਇਸ ਕੇਸ ਦੀ ਸੁਣਵਾਈ ਮੁਲਤਵੀ ਕਰਕੇ ਇਹ ਕੇਸ ਮਿਤੀ 20-03-2019 ਨੂੰ ਸਵੇਰੇ 11:30 ਵਜੇ ਸੁਣਵਾਈ ਲਈ ਨਿਸਚਿਤ ਕੀਤਾ ਗਿਆ ਸੀ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗੁਰਮੀਤ ਸਿੰਘ, ਉਪ ਮੰਡਲ ਅਫਸਰ-ਕਮ-ਸਹਾਇਕ ਜ਼ਿਲ੍ਹਾ ਮਾਈਨਿੰਗ ਅਫਸਰ ਨੇ ਕਿਹਾ ਹੈ ਕਿ ਪਹਿਲਾਂ ਮਾਈਨਿੰਗ ਦਾ ਕੰਮ ਡਾਇਰੈਕਟਰ, ਉਦਯੋਗ ਅਤੇ ਕਮਰਸ ਵਿਭਾਗ ਕੋਲ ਸੀ । ਹੁਣ ਨਵਾਂ ਵਿਭਾਗ ਮਾਈਨਜ਼ ਅਤੇ ਜਿਓਲੋਜੀ ਬਣਿਆ ਹੈ ਅਤੇ ਮਾਈਨਿੰਗ

ਚਲਦਾ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਸ਼ਿਕਾਇਤ ਕੇਸ ਨੰ:117/2019

ਦਾ ਕੰਮ ਇਸ ਵਿਭਾਗ ਨੂੰ ਦਿੱਤਾ ਗਿਆ ਹੈ।ਇਸ ਕਰਕੇ ਡਾਇਰੈਕਟਰ, ਉਦਯੋਗ ਅਤੇ ਕਮਰਸ ਵਿਭਾਗ ਵੱਲੋਂ ਮੁਹੱਈਆ ਕਰਵਾਏ ਗਏ ਰਿਕਾਰਡ ਦੇ ਅਧਾਰ ਤੇ ਸੂਚਨਾ ਤਿਆਰ ਕਰਕੇ ਉਨ੍ਹਾਂ ਦੇ ਪੱਤਰ ਨੰ:2212, ਮਿਤੀ 27-06-2018 ਰਾਹੀਂ ਸ਼ਿਕਾਇਤਕਰਤਾ ਨੂੰ ਭੇਜੀ ਜਾ ਚੁੱਕੀ ਹੈ।ਉਨ੍ਹਾਂ ਵੱਲੋਂ ਇਸ ਬਾਰੇ ਆਪਣੇ ਪੱਤਰ, ਮਿਤੀ 14-03-2019 ਰਾਹੀਂ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਹੋਇਆ ਹੈ। ਸ਼ਿਕਾਇਤਕਰਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਲਈ ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 16-04-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 20 ਮਾਰਚ, 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਦਾਤਾ ਸਿੰਘ (9501055858)
ਪਿੰਡ ਭੁਟਲ ਖੁਰਦ,ਤਹਿ ਮੂਨਕ,
ਜਿਲਾ ਸੰਗਰੂਰ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਿਪਟੀ ਕਮਿਸ਼ਨਰ,
ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਿਪਟੀ ਕਮਿਸ਼ਨਰ, ਸੰਗਰੂਰ। ------ਉੱਤਰਦਾਤਾ

**ਅਪੀਲ ਕੇਸ ਨੰ:3696 ਆਫ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਸ਼੍ਰੀ ਸਚਿਨ ਗੋਇਲ, ਐਡਵੋਕੇਟ (98728-66313)।

2) ਉੱਤਰਦਾਤਾ ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਨਰੇਸ਼ ਕੁਮਾਰ, ਸੁਪਰਡੰਟ (98144-42555) ਅਤੇ ਸ਼੍ਰੀ ਅਸ਼ੋਕ ਕੁਮਾਰ, ਸਦਰ ਕਾਨੂੰਗੋ (91463-88100)।

**ਹੁਕਮ:-**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 02-05-2018, ਲੋਕ ਸੂਚਨਾ ਅਧਿਕਾਰੀ, ਦਫ਼ਤਰ ਡਿਪਟੀ ਕਮਿਸ਼ਨਰ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਸ਼੍ਰੀ ਭੂਰਾ ਸਿੰਘ, ਪਟਵਾਰੀ, ਹਲਕਾ ਭੁਟਾਲ ਦੀ ਪੜਤਾਲ ਨਾਲ ਸਬੰਧਤ 07 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 19-06-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 01-11-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 04-12-2018 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 16-01-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ ਵੱਲੋਂ ਹਾਜ਼ਰ, ਸ਼੍ਰੀ ਨਰੇਸ਼ ਕੁਮਾਰ, ਸੁਪਰਡੰਟ ਨੇ ਪੱਤਰ ਨੰ:402., ਮਿਤੀ 19-03-2019 ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਕੁੱਝ ਸੂਚਨਾ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ ਅਤੇ ਬਾਕੀ ਰਹਿੰਦੀ ਸੂਚਨਾ ਅੱਜ ਦਸਤੀ ਦੇ ਦਿੱਤੀ ਗਈ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਸਚਿਨ ਗੋਇਲ, ਐਡਵੋਕੇਟ ਨੇ ਮੰਨਿਆ ਹੈ ਕਿ ਸੂਚਨਾ ਮਿਲ ਗਈ ਹੈ ਪਰੰਤੂ ਉਸ ਨੇ ਕਿਹਾ ਹੈ ਕਿ ਸੂਚਨਾ ਦੇਣ ਸਬੰਧੀ ਕਵਰਿੰਗ ਪੱਤਰ ਸਹੀ ਨਹੀਂ ਹੈ ਜ਼ੋ ਕਿ ਸੋਧ ਕੇ ਦਿੱਤਾ ਜਾਵੇ। ਹਾਜ਼ਰ ਉੱਤਰਦਾਤਾ ਵੱਲੋਂ ਕਵਰਿੰਗ ਪੱਤਰ ਸੋਧ ਕੇ ਰਜਿਸਟਰਡ ਡਾਕ ਰਾਹੀਂ ਭੇਜਣ ਦਾ ਭਰੋਸਾ ਦਿੱਤਾ ਗਿਆ ਹੈ ਜਿਸ ਤੇ ਅਪੀਲਕਰਤਾ ਦੇ ਨੁਮਾਇੰਦੇ ਵੱਲੋਂ ਸਹਿਮਤੀ ਪ੍ਰਗਟਾਈ ਗਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 20 ਮਾਰਚ, 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਤੇਜਿੰਦਰ ਸਿੰਘ (90410-04313)
ਪਿੰਡ ਭੋਲਾਪੁਰ, ਡਾਕਖਾਨਾ ਰਾਮਗੜ੍ਹ,
ਚੰਡੀਗੜ੍ਹ ਰੋਡ, ਲੁਧਿਆਣਾ-141123. -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਨਗਰ ਕੌਂਸਿਲ
ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਬਠਿੰਡਾ। ------ਉੱਤਰਦਾਤਾ

**ਅਪੀਲ ਕੇਸ ਨੰ:4213 ਆਫ਼ 2018**

**ਹਾਜ਼ਰ:-**

1) ਸ਼੍ਰੀ ਤੇਜਿੰਦਰ ਸਿੰਘ, ਅਪੀਲਕਰਤਾ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹਕਮ:**

ਪਿਛਲੀ ਪੇਸ਼ੀ, ਮਿਤੀ 11-02-2018 ਤੇ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਉੱਤਰ ਰੱਦ ਕਰ ਦਿੱਤਾ ਗਿਆ ਸੀ ਅਤੇ ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਗਿਆਨ ਚੰਦ, ਕਲਰਕ ਨੂੰ ਸਮਝਾ ਦਿੱਤਾ ਗਿਆ ਸੀ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸਾਰੀ ਸੂਚਨਾ ਪ੍ਰਸ਼ਨਵਾਚਕ ਨਹੀਂ ਬਣਦੀ। ਇਸ ਲਈ ਹਾਜ਼ਰ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਪ੍ਰਸ਼ਨਵਾਚਕ ਸੂਚਨਾ ਨੂੰ ਛੱਡ ਕੇ ਆਰ.ਟੀ.ਆਈ. ਐਕਟ,2005 ਤਹਿਤ ਬਣਦੀ ਬਾਕੀ ਸੂਚਨਾ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ।ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 20-03-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਨੇ ਅੱਜ ਹਾਜ਼ਰ ਹੋ ਕੇ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ:919, ਮਿਤੀ 18-03-2019 ਰਾਹੀਂ ਅਪੀਲਕਰਤਾ ਨੂੰ ਰਜਿਸਟਰਡ ਡਾਕ ਦੁਆਰਾ ਸੂਚਨਾ ਭੇਜੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਪੇਸ਼ੀ ਲਈ ਅਗਲੀ ਮਿਤੀ ਦੇਣ ਲਈ ਵੀ ਬੇਨਤੀ ਕੀਤੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਸੂਚਨਾ ਪ੍ਰਾਪਤ ਹੋਣ ਤੇ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 15-04-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 20 ਮਾਰਚ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਤੇਜਿੰਦਰ ਸਿੰਘ (90410-04313)
ਪਿੰਡ ਭੋਲਾਪੁਰ, ਡਾਕਖਾਨਾ ਰਾਮਗੜ੍ਹ,
ਚੰਡੀਗੜ੍ਹ ਰੋਡ, ਲੁਧਿਆਣਾ-141123. -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਮੁੱਖ ਸਕੱਤਰ,
ਉਦਯੋਗ ਤੇ ਵਪਾਰ, ਪੰਜਾਬ,
ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਮੁੱਖ ਸਕੱਤਰ,
ਉਦਯੋਗ ਤੇ ਵਪਾਰ, ਪੰਜਾਬ,
ਚੰਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ:4214 ਆਫ਼ 2018**

**ਹਾਜ਼ਰ:-**

1) ਸ਼੍ਰੀ ਤੇਜਿੰਦਰ ਸਿੰਘ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀਮਤੀ ਰਾਜ ਕੌਰ, ਸੁਪਰਡੰਟ (99150-20211) ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 15-06-2018, ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਮੁੱਖ ਸਕੱਤਰ, ਉਦਯੋਗ ਤੇ ਵਪਾਰ, ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਸ਼੍ਰੀ ਸੁਖਮਿੰਦਰ ਸਿੰਘ ਰੇਖੀ, ਫੰਕਸ਼ਨਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਲੁਧਿਆਣਾ ਨਾਲ ਸਬੰਧਤ 09 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 12-08-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 05-12-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 11-02-2019 ਨੂੰ ਸਵੇਰੇ 11:30 ਵਜੇ ਲਈ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀਮਤੀ ਰਾਜ ਕੌਰ, ਸੁਪਰਡੰਟ ਨੇ ਪੱਤਰ ਨੰ:1/2483/ਆਰ.ਟੀ.ਆਈ.-05/ਸ-1/2827-ਏ, ਮਿਤੀ 19-03-2019 ਪੇਸ਼ ਕਰਦੇ ਹੋਏ ਦੱਸਿਆ ਹੈ ਕਿ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕੀਤੀ ਜਾ ਚੁੱਕੀ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਅਪੀਲਕਰਤਾ ਨੇ ਮੰਨਿਆ ਹੈ ਕਿ ਉਸ ਨੂੰ ਸੂਚਨਾ ਪ੍ਰਾਪਤ ਹੋ ਗਈ ਹੈ ਅਤੇ ਕੇਸ ਦਾਖਲ ਦਫ਼ਤਰ ਕਰਨ ਲਈ ਸਹਿਮਤੀ ਪ੍ਰਗਟਾਈ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 20 ਮਾਰਚ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਭਿੰਦਰ ਸਿੰਘ, (79861-82475)
ਡਿਪਟੀ ਡਾਇਰੈਕਟਰ(ਰਿਟਾ.)
#2133, ਸੰਨੀ ਇੰਕਲੇਵ (ਪੁਰਾਣਾ),
ਸੈਕਟਰ-125, ਬੈਕਸਾਈਡ ਕਿਡਜ਼ੀ ਸਕੂਲ,
ਖਰੜ, ਜ਼ਿਲ੍ਹਾ ਐਸ.ਏ.ਐਸ ਨਗਰ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਡਾਇਰੈਕਟਰ ਆਫ਼ ਇੰਡਸਟ੍ਰੀਜ਼ ਅਤੇ ਕਮਰਸ,
ਪੰਜਾਬ, ਉਦਯੋਗ ਭਵਨ,
ਸੈਕਟਰ-17, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਾਇਰੈਕਟਰ ਆਫ਼ ਇੰਡਸਟ੍ਰੀਜ਼ ਅਤੇ ਕਮਰਸ,
ਪੰਜਾਬ, ਉਦਯੋਗ ਭਵਨ,
ਸੈਕਟਰ-17, ਚੰਡੀਗੜ੍ਹ। -------ਉੱਤਰਦਾਤਾ

**ਅਪੀਲ ਕੇਸ ਨੰ:3575 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀਮਤੀ ਰਾਜ ਕੌਰ, ਸੁਪਰਡੰਟ (99150-20211)।

**ਹਕਮ:**

ਅੱਜ ਪੇਸ਼ੀ ਸਮੇਂ ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀਮਤੀ ਰਾਜ ਕੌਰ, ਸੁਪਰਡੰਟ ਨੇ ਪੱਤਰ ਨੰ:1/2396/2017/ਆਰ.ਟੀ.ਆਈ.-05/-2/2791-2791-ਏ, ਮਿਤੀ 19-03-2019 ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਦਸਤੀ ਮੁਹੱਈਆ ਕਰਵਾਈ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੇਣ ਲਈ ਬੇਨਤੀ ਕੀਤੀ ਗਈ ਹੈ। ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 16-04-2019 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ** ਕੀਤਾ ਜਾਂਦਾ ਹੈ।

**(ਨਿਧੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ,** 20 **ਮਾਰਚ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਕਮਲਪ੍ਰੀਤ ਸਿੰਘ (98723-25686)
134ਠ ਬਸੰਤ ਸਿਟੀ, ਥਰੀਕੇ,
ਡਾਕਖਾਨਾ ਦਾਦ, ਪੱਖੋਵਾਲ ਰੋਡ,
ਲੁਧਿਆਣਾ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਸਰਕਾਰੀ ਕਾਲਿਜ (ਲੜਕੀਆਂ),
ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਿੰਸੀਪਲ,
ਸਰਕਾਰੀ ਕਾਲਿਜ (ਲੜਕੀਆਂ),
ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ:4272 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਤੇਜਿੰਦਰ ਸਿੰਘ, ਐਡਵੋਕੇਟ (90410-04313)।

**ਹੁਕਮ:**

ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਤੇਜਿੰਦਰ ਸਿੰਘ, ਐਡਵੋਕੇਟ ਨੇ ਕਿਹਾ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਉਸ ਨੂੰ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਈ.ਮੇਲ. ਰਾਹੀਂ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਤੋਂ ਛੋਟ ਮੰਗਦੇ ਹੋਏ ਕਮਿਸ਼ਨ ਨੂੰ ਦੱਸਿਆ ਗਿਆ ਹੈ ਕਿ ਉਸ ਵੱਲੋਂ ਇਹ ਕੇਸ ਕਿਸੇ ਹੋਰ ਬੈਂਚ ਕੋਲ ਤਬਦੀਲ ਕਰਾਉਣ ਵਾਸਤੇ ਪ੍ਰਤੀਬੇਨਤੀ ਪੇਸ਼ ਕੀਤੀ ਹੋਈ ਹੈ ਜ਼ੋ ਕਿ ਅਜੇ ਫੈਸਲੇ ਲਈ ਲੰਬਿਤ ਹੈ।ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 15-04-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 20 ਮਾਰਚ, 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਮਿਸ. ਡਿੰਪਲ, (98782-13838)
ਪੁੱਤਰੀ ਸ਼੍ਰੀ ਮਹਾਂਦੇਵ,
#948/3, ਖਾਲਸਾ ਮੁਹੱਲਾ।
ਪਟਿਆਲਾ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਸਰਕਾਰੀ ਮੈਡੀਕਲ ਕਾਲਿਜ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਸਰਕਾਰੀ ਮੈਡੀਕਲ ਕਾਲਿਜ,
ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ:4318 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀਮਤੀ ਅਮੀਤਾ ਸ਼ਰਮਾ, ਸੀਨੀਅਰ ਸਹਾਇਕ(98762-19747)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 09-03-2018, ਲੋਕ ਸੂਚਨਾ ਅਧਿਕਾਰੀ ਦਫਤਰ ਸਰਕਾਰੀ ਮੈਡੀਕਲ ਕਾਲਿਜ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਆਪਣੇ ਪਿਤਾ, ਸ਼੍ਰੀ ਮਹਾਂਦੇਵ ਜਿਹੜੇ ਕਿ ਰਜਿੰਦਰਾ ਹਸਪਤਾਲ ਵਿਖੇ ਸੀ.ਆਰ. ਨੰ:24067, ਮਿਤੀ 01-07-2016 ਤਹਿਤ ਦਾਖਲ ਰਹੇ ਸਨ, ਨਾਲ ਸਬੰਧਤ 09 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 31-05-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 10-12-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 12-02-2019 ਨੂੰ ਸਵੇਰੇ 11:30 ਵਜੇ ਲਈ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀਮਤੀ ਅਮੀਤਾ ਸ਼ਰਮਾ, ਸੀਨੀਅਰ ਸਹਾਇਕ ਨੇ ਦੱਸਿਆ ਹੈ ਕਿ ਕਮਿਸ਼ਨ ਦੇ ਹੁਕਮ, ਮਿਤੀ 12-02-2019 ਅਨੁਸਾਰ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਸੂਚਨਾ ਭੇਜੀ ਗਈ ਸੀ ਪਰੰਤੂ ਸੂਚਨਾ ਵਾਪਸ ਆ ਗਈ ਹੈ ਕਿਉਂਕਿ ਅਪੀਲਕਰਤਾ ਉਸ ਵੱਲੋਂ ਦਿੱਤੇ ਗਏ ਪਤੇ ਤੇ ਨਹੀਂ ਰਹਿੰਦੀ। ਅਪੀਲਕਰਤਾ ਨੂੰ ਕਮਿਸ਼ਨ ਵੱਲੋਂ ਭੇਜਿਆ ਗਿਆ ਸੁਣਵਾਈ ਮੁਲਤਵੀ ਨੋਟਿਸ ਵੀ ਵਾਪਸ ਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 20 ਮਾਰਚ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮੇਵਾ ਸਿੰਘ, (94173-60789)
ਪੁੱਤਰ ਸ਼੍ਰੀ ਬੀਰਬਲ ਸਿੰਘ,
ਵਾਰਡ ਨੰ 3, ਉੱਡਤ ਰੋਡ, ਬੋਹਾ,
ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ। ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਕਾਰਜ ਸਾਧਕ ਅਫਸਰ,
ਨਗਰ ਪੰਚਾਇਤ, ਬੋਹਾ, ਤਹਿਸੀਲ ਬੁਢਲਾਡਾ,
ਜ਼ਿਲ੍ਹਾ ਮਾਨਸਾ। -------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 1254 ਆਫ਼ 2018**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ ਵੱਲੋਂ ਸ਼੍ਰੀ ਡੀ.ਸੀ. ਸਿੰਘ, ਜੂਨੀਅਰ ਸਹਾਇਕ (75298-00142)।

**ਹਕਮ:**

ਪਿਛਲੀ ਪੇਸ਼ੀ, ਮਿਤੀ 13-02-2019 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਡੀ.ਸੀ. ਸਿੰਘ, ਜੂਨੀਅਰ ਸਹਾਇਕ ਨੇ ਕਿਹਾ ਸੀ ਕਿ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਨੁਕਤਾਵਾਰ ਸੂਚਨਾ ਪਹਿਲਾਂ ਹੀ ਦੋ ਵਾਰ ਸ਼ਿਕਾਇਤਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਭੇਜੀ ਜਾ ਚੁੱਕੀ ਹੈ। ਸ਼ਿਕਾਇਤਕਰਤਾ ਨੇ ਕਿਹਾ ਸੀ ਕਿ ਉਸ ਨੂੰ ਸੂਚਨਾ ਪ੍ਰਾਪਤ ਨਹੀਂ ਹੋਈ।ਇਸ ਲਈ ਉਸ ਨੇ ਸੂਚਨਾ ਮਹੱਈਆ ਕਰਾਉਣ ਲਈ ਬੇਨਤੀ ਕੀਤੀ ਸੀ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ੀ ਦੌਰਾਨ ਸ਼ਿਕਾਇਤਕਰਤਾ ਨੂੰ ਫਿਰ ਦਸਤੀ ਸੂਚਨਾ ਦੇ ਦਿੱਤੀ ਗਈ ਸੀ ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੀ ਪੂਰਤੀ ਕੀਤੀ ਸਕੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 18-03-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਪਰੰਤੂ ਬਾਅਦ ਵਿੱਚ ਇਸ ਕੇਸ ਦੀ ਸੁਣਵਾਈ ਮੁਲਤਵੀ ਕਰਕੇ ਇਹ ਕੇਸ ਅਗਲੀ ਸੁਣਵਾਈ ਮਿਤੀ 20-03-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਸ਼ਿਕਾਇਤਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਈ.ਮੇਲ., ਮਿਤੀ 20-03-2019 ਰਾਹੀਂ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਦੱਸਿਆ ਗਿਆ ਹੈ ਕਿ ਉਸ ਵੱਲੋਂ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਲੋਕ ਸੂਚਨਾ ਅਧਿਕਾਰੀ ਨੂੰ ਮਿਤੀ 25-02-2019 ਨੂੰ ਰਜਿਸਟਰਡ ਡਾਕ ਰਾਹੀਂ ਭੇਜੇ ਗਏ ਪੱਤਰ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਇਸ ਕਰਕੇ ਉਸਨੇ ਲੋਕ ਸੂਚਨਾ ਅਧਿਕਾਰੀ ਵਿਰੁੱਧ ਕਾਰਵਾਈ ਕਰਨ ਲਈ ਵੀ ਬੇਨਤੀ ਕੀਤੀ ਹੈ।

3. ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਡੀ.ਸੀ. ਸਿੰਘ, ਜੂਨੀਅਰ ਸਹਾਇਕ ਨੇ ਕਿਹਾ ਹੈ ਕਿ ਸ਼ਿਕਾਇਤਕਰਤਾ ਉਨ੍ਹਾਂ ਦੇ ਸੰਪਰਕ ਵਿੱਚ ਹੈ ਅਤੇ ਉਹ ਜਦੋਂ ਵੀ ਉਨ੍ਹਾਂ ਦੇ ਦਫ਼ਤਰ ਆਵੇਗਾ ਉਸ ਨੂੰ ਸੂਚਨਾ ਮੁਹੱਈਆ ਕਰਵਾ ਦਿੱਤੀ ਜਾਵੇਗੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਜਦੋਂ ਵੀ ਉਨ੍ਹਾਂ ਦੇ ਦਫ਼ਤਰ ਹਾਜ਼ਰ ਹੋਵੇ ਤਾਂ ਉਸ ਵਲੋਂ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਕੇ ਸੂਚਨਾ ਮੁਹੱਈਆ ਕਰਵਾ ਦਿੱਤੀ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 15-04-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 20 ਮਾਰਚ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਮੇਵਾ ਸਿੰਘ, (94173-60789)
ਪੁੱਤਰ ਸ਼੍ਰੀ ਬੀਰਬਲ ਸਿੰਘ,
ਵਾਰਡ ਨੰ 3, ਉੱਡਤ ਰੋਡ, ਬੋਹਾ,
ਤਹਿਸੀਲ ਬੁਢਲਾਡਾ,
ਜ਼ਿਲ੍ਹਾ ਮਾਨਸਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਕਾਰਜ ਸਾਧਕ ਅਫਸਰ,
ਨਗਰ ਪੰਚਾਇਤ, ਬੋਹਾ, ਤਹਿਸੀਲ ਬੁਢਲਾਡਾ,
ਜ਼ਿਲ੍ਹਾ ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਬਠਿੰਡਾ। -------ਉੱਤਰਦਾਤਾ

**ਅਪੀਲ ਕੇਸ ਨੰ: 4130 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।।
2) ਉੱਤਰਦਾਤਾ ਵੱਲੋਂ ਸ਼੍ਰੀ ਡੀ.ਸੀ. ਸਿੰਘ, ਜੂਨੀਅਰ ਸਹਾਇਕ (75298-00142)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 26-07-2018, ਲੋਕ ਸੂਚਨਾ ਅਧਿਕਾਰੀ ਦਫਤਰ ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਬੋਹਾ, ਜ਼ਿਲ੍ਹਾ ਮਾਨਸਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਨਗਰ ਪੰਚਾਇਤ, ਬੋਹਾ ਦੇ ਹੱਦ ਵਿੱਚ ਆਉਣ ਸਮੇਂ ਤੋਂ ਕੋਆਪ੍ਰੇਟਿਵ ਸੁਸਾਇਟੀ ਵਿਖੇ ਨਗਰ ਪੰਚਾਇਤ ਦੀ 10 ਮਰਲੇ ਜ਼ਮੀਨ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-09-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-11-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 27-12-2018 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 28-01-2019 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਲੇਟ ਮੁਹੱਈਆ ਕਰਾਉਣ ਕਾਰਨ, ਕਮਿਸ਼ਨ ਦੇ ਹੁਕਮ, ਮਿਤੀ 13-02-2019 ਰਾਹੀਂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਹਦਾਇਤ ਕੀਤੀ ਗਈ ਸੀ ਕਿ ਮੁਆਵਜ਼ੇ ਵਜੋਂ 3000/-ਰੁਪਏ (ਕੇਵਲ ਤਿੰਨ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਸਰਕਾਰੀ ਖਜ਼ਾਨੇ ਵਿੱਚੋਂ ਅਦਾਇਗੀ ਕਰਕੇ ਸਬੂਤ ਵਜੋਂ ਰਸੀਦ ਪੇਸ਼ੀ ਦੀ ਅਗਲੀ ਮਿਤੀ ਤੇ ਪੇਸ਼ ਕੀਤੀ ਜਾਵੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ

ਚਲਦਾ---ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 4130 ਆਫ਼ 2018**

18-03-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਪਰੰਤੂ ਬਾਅਦ ਵਿੱਚ ਇਸ ਕੇਸ ਦੀ ਸੁਣਵਾਈ ਮੁਲਤਵੀ ਕਰਕੇ ਇਹ ਕੇਸ ਅਗਲੀ ਸੁਣਵਾਈ ਮਿਤੀ 20-03-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਈ.ਮੇਲ., ਮਿਤੀ 20-03-2019 ਰਾਹੀਂ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਦੱਸਿਆ ਗਿਆ ਹੈ ਕਿ ਉਸ ਵੱਲੋਂ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਲੋਕ ਸੂਚਨਾ ਅਧਿਕਾਰੀ ਨੂੰ ਮਿਤੀ 07-03-2019 ਨੂੰ ਰਜਿਸਟਰਡ ਡਾਕ ਰਾਹੀਂ ਭੇਜੇ ਗਏ ਪੱਤਰ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਇਸ ਕਰਕੇ ਉਸ ਨੇ ਲੋਕ ਸੂਚਨਾ ਅਧਿਕਾਰੀ ਵਿਰੁੱਧ ਕਾਰਵਾਈ ਕਰਨ ਲਈ ਵੀ ਬੇਨਤੀ ਕੀਤੀ ਹੈ।

4. ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਡੀ.ਸੀ. ਸਿੰਘ, ਜੂਨੀਅਰ ਸਹਾਇਕ ਨੇ ਅਪੀਲਕਰਤਾ ਨੂੰ ਮੁਆਵਜ਼ੇ ਵਜੋਂ 3000/-ਰੁਪਏ (ਕੇਵਲ ਤਿੰਨ ਹਜ਼ਾਰ ਰੁਪਏ) ਦੀ ਅਦਾਇਗੀ ਸਬੰਧੀ ਬੈਂਕ ਡਰਾਫਟ ਦੀ ਕਾਪੀ ਪੇਸ਼ ਕੀਤੀ ਹੈ ਜਿਸ ਤੇ ਅਪੀਲਕਰਤਾ ਵੱਲੋਂ ਮਿਤੀ 18-03-2019 ਨੂੰ ਬੈਂਕ ਡਰਾਫਟ ਦੀ ਪ੍ਰਾਪਤੀ ਵਜੋਂ ਹਸਤਾਖਰ ਕੀਤੇ ਹੋਏ ਹਨ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤੀ ਗਈ ਬੈਂਕ ਡਰਾਫਟ ਦੀ ਕਾਪੀ ਮਿਸਲ ਤੇ ਰੱਖ ਲਈ ਗਈ ਹੈ। ਅਪੀਲਕਰਤਾ ਨੂੰ ਸੂਚਨਾ ਪਹਿਲਾਂ ਹੀ ਮੁਹੱਈਆ ਕਰਵਾਈ ਜਾ ਚੁੱਕੀ ਹੈ ਜ਼ੋ ਕਿ ਤਸੱਲੀਬਖ਼ਸ਼ ਪਾਈ ਗਈ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 20 ਮਾਰਚ, 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਤੇਜਿੰਦਰ ਸਿੰਘ (90410-04313)
ਪਿੰਡ ਭੋਲਾਪੁਰ, ਡਾਕਖਾਨਾ ਰਾਮਗੜ੍ਹ,
ਚੰਡੀਗੜ੍ਹ ਰੋਡ, ਲੁਧਿਆਣਾ-141123. -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਨਗਰ ਕੌਂਸਿਲ, ਸੁਨਾਮ,
ਜ਼ਿਲ੍ਹਾ ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ:4271 ਆਫ਼ 2018**

**ਹਾਜ਼ਰ:-**

1) ਸ਼੍ਰੀ ਤੇਜਿੰਦਰ ਸਿੰਘ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗੁਰਮੀਤ ਸਿੰਘ, ਇੰਸਪੈਕਟਰ-ਕਮ- ਸਹਾਇਕ ਲੋਕ ਸੂਚਨਾ ਅਧਿਕਾਰੀ (98158-98547)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 17-02-2018, ਲੋਕ ਸੂਚਨਾ ਅਧਿਕਾਰੀ ਦਫਤਰ ਨਗਰ ਕੌਂਸਿਲ, ਸੁਨਾਮ,ਜ਼ਿਲ੍ਹਾ ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਸਵੱਛ ਅਭਿਆਨ ਤਹਿਤ ਨਗਰ ਕੌਂਸਿਲ ਕੋਲ ਹੋਣ ਵਾਲੀਆਂ ਡਸਟਬਿੰਨਾਂ ਆਦਿ ਨਾਲ ਸਬੰਧਤ 12 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 06-06-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 11-12-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 08-01-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 12-02-2019 ਨੂੰ ਸਵੇਰੇ 11:30 ਵਜੇ ਲਈ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗੁਰਮੀਤ ਸਿੰਘ, ਇੰਸਪੈਕਟਰ-ਕਮ-ਸਹਾਇਕ ਲੋਕ ਸੂਚਨਾ ਅਧਿਕਾਰੀ ਨੇ ਕਿਹਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਦਿੱਤੀ ਜਾ ਚੁੱਕੀ ਹੈ। ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਧੂਰੀ ਸੂਚਨਾ ਪ੍ਰਾਪਤ ਹੋਈ ਹੈ ਅਤੇ ਵਿਸਥਾਰ-ਪੂਰਵਕ ਸੂਚਨਾ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ ਉਸ ਨੇ ਸੂਚਨਾ ਲੇਟ ਮੁਹੱਈਆ ਕਰਾਉਣ ਕਾਰਨ ਮੁਆਵਜ਼ੇ ਦੀ ਮੰਗ ਵੀ ਕੀਤੀ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਕਮਿਸ਼ਨ ਵੱਲੋਂ ਤਸੱਲੀਬਖਸ਼ ਪਾਈ ਗਈ ਹੈ। ਇਸ ਤੋਂ ਇਲਾਵਾ ਕਮਿਸ਼ਨ ਵੱਲੋਂ ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਵੀ

ਚਲਦਾ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:4271 ਆਫ਼ 2018**

ਪਾਇਆ ਗਿਆ ਹੈ ਕਿ ਅਪੀਲਕਰਤਾ ਵੱਲੋਂ ਮਿਤੀ 17-02-2018 ਨੂੰ ਆਰ.ਟੀ.ਆਈ. ਅਰਜ਼ੀ ਦਾਇਰ ਕੀਤੀ ਗਈ ਸੀ ਪਰੰਤੂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋ ਉਸ ਨੂੰ ਇੱਕ ਸਾਲ ਤੋਂ ਵੀ ਵੱਧ ਸਮਾਂ ਬੀਤ ਜਾਣ ਤੋਂ ਵੀ ਬਾਅਦ ਸੂਚਨਾ ਮੁਹੱਈਆ ਕਰਵਾਈ ਗਈ ਹੈ ਜਦੋਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਮੁਤਾਬਿਕ ਅਪੀਲਕਰਤਾ ਨੂੰ 30 ਦਿਨਾਂ ਤੇ ਅੰਦਰ-ਅੰਦਰ ਸੂਚਨਾ ਦੇਣੀ ਬਣਦੀ ਸੀ। ਇਸ ਤਰ੍ਹਾਂ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੀ ਘੋਰ ਉਲੰਘਣਾ ਕੀਤੀ ਗਈ ਹੈ, ਜਿਸ ਦੇ ਫਲਸਰੂਪ ਅਪੀਲਕਰਤਾ ਨੂੰ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਹਾਜ਼ਰ ਉੱਤਰਦਾਤਾ ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਹਦਾਇਤ ਕੀਤੀ ਗਈ ਹੈ ਕਿ ਮੁਆਵਜ਼ੇ ਵਜੋਂ 3000/-ਰੁਪਏ (ਕੇਵਲ ਤਿੰਨ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕੀਤੀ ਜਾਵੇ। ਪਰੰਤੂ ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ੀ ਦੌਰਾਨ ਅਪੀਲਕਰਤਾ ਨੂੰ ਮੁਆਵਜ਼ੇ ਵਜੋਂ 3000/-ਰੁਪਏ ਦੀ ਰਾਸ਼ੀ ਦੀ ਆਪਣੀ ਜੇਬ ਵਿੱਚੋਂ ਨਕਦ ਅਦਾਇਗੀ ਕਰ ਦਿੱਤੀ ਗਈ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹਾਜ਼ਰ ਉੱਤਰਦਾਤਾ, ਸ਼੍ਰੀ ਗੁਰਮੀਤ ਸਿੰਘ, ਇੰਸਪੈਕਟਰ-ਕਮ-ਸਹਾਇਕ ਲੋਕ ਸੂਚਨਾ ਅਧਿਕਾਰੀ ਨੂੰ ਸਰਕਾਰੀ ਖਜ਼ਾਨੇ ਵਿੱਚੋਂ ਮੁਆਵਜ਼ੇ ਵਜੋਂ 3000/-ਰੁਪਏ (ਕੇਵਲ ਤਿੰਨ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਦਾਇਗੀ ਕਰ ਦਿੱਤੀ ਜਾਵੇ। ਇਸ ਹਦਾਇਤ ਨਾਲ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲਕਰਤਾ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 20 ਮਾਰਚ, 2019.**

# PUNJAB STATE INFORMATION COMMISSION
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**


ਸ਼੍ਰੀ ਦੇਵਿੰਦਰ ਸਿੰਘ,
ਪੁੱਤਰ ਸ਼੍ਰੀ ਮਲਕੀਤ ਸਿੰਘ,
ਵਾਸੀ ਢਿਲਵਾਂ ਨਾਭਾ,
ਤਹਿਸੀਲ ਤਪਾ,
ਜ਼ਿਲ੍ਹਾ ਬਰਨਾਲਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਗੁਰੂ ਗੋਬਿੰਦ ਸਿੰਘ ਕਾਲਿਜ, ਸੰਘੇੜਾ,
ਬਰਨਾਲਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ),
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,
ਈ-ਬਲਾਕ, 7ਵੀਂ ਮੰਜ਼ਿਲ, ਫੇਸ-8,
ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ:2498 ਆਫ 2014**

**ਹਾਜ਼ਰ:**

1) ਅਪੀਲਕਰਤਾ ਵੱਲੋਂ ਸ਼੍ਰੀ ਤੁਸ਼ਾਂਤ ਦੀਪ ਗਰਗ, ਐਡਵੋਕੇਟ (99881-32424)।
2) ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਰੀਹੰਤ ਗੋਇਲ, ਐਡਵੋਕੇਟ (88721-00053)।

**ਹੁਕਮ:**

ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਦੋਵੇਂ ਧਿਰਾਂ ਨੇ ਆਪਣਾ ਜਵਾਬ ਪੇਸ਼ ਕਰਨ ਲਈ ਸਮੇਂ ਦੀ ਮੰਗ ਕੀਤੀ ਹੈ। ਇਸ ਲਈ ਦੋਵੇਂ ਧਿਰਾਂ ਦੀ ਸਹਿਮਤੀ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 07-05-2019 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 20 ਮਾਰਚ, 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਤੇਜਿੰਦਰ ਸਿੰਘ, ਐਡਵੋਕੇਟ, (90410-04313)
ਪਿੰਡ ਭੋਲਾਪੁਰ,
ਡਾਕਖਾਨਾ ਰਾਮਗੜ੍ਹ,
ਚੰਡੀਗੜ੍ਹ ਰੋਡ,
ਲੁਧਿਆਣਾ-141123. ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਜਨਰਲ ਮੈਨੇਜਰ,
ਜ਼ਿਲ੍ਹਾ ਉਦਯੋਗ ਕੇਂਦਰ, ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਾਇਰੈਕਟਰ,
ਉਦਯੋਗ ਅਤੇ ਕਮਰਸ ਵਿਭਾਗ,
ਪੰਜਾਬ ਚੰਡੀਗੜ੍ਹ।

(ਰਜਿਸਟਰਡ) ਸ਼੍ਰੀ ਬਲਵਿੰਦਰ ਸਿੰਘ,
ਲੋਕ ਸੂਚਨਾ ਅਧਿਕਾਰੀ,
ਦਫਤਰ ਜਨਰਲ ਮੈਨੇਜਰ,
ਜ਼ਿਲ੍ਹਾ ਉਦਯੋਗ ਕੇਂਦਰ, ਲੁਧਿਆਣਾ। ........ ਉੱਤਰਦਾਤਾ

**ਅਪੀਲ ਕੇਸ ਨੰ:3640 ਆਫ਼ 2018**

**ਹਾਜ਼ਰ:-** 1) ਸ਼੍ਰੀ ਤੇਜਿੰਦਰ ਸਿੰਘ, ਐਡਵੋਕੇਟ, ਅਪੀਲਕਰਤਾ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 15-06-2018, ਲੋਕ ਸੂਚਨਾ ਅਧਿਕਾਰੀ ਦਫਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਮਾਈਨਿੰਗ ਲਈ ਬਣਾਈ ਗਈ ਪਾਲਿਸੀ ਨਾਲ ਸਬੰਧਤ 07 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 12-06-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 30-10-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 04-12-2018 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 16-01-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪੇਸ਼ੀ, ਮਿਤੀ 16-01-2019 ਤੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਅਪੀਲਕਰਤਾ ਨੇ ਕਿਹਾ ਸੀ ਕਿ ਲਗਭੱਗ 7 ਮਹੀਨੇ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਉਸ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵੱਲੋਂ ਸੂਚਨਾ ਮੁਹੱਈਆ ਕਰਾਉਣ ਅਤੇ ਮੁਆਵਜ਼ੇ ਲਈ ਵੀ ਬੇਨਤੀ ਕੀਤੀ ਗਈ ਸੀ। ਉੱਤਰਦਾਤਾ

ਚਲਦਾ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



(ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਬਲਵਿੰਦਰ ਸਿੰਘ, ਉਪ ਮੰਡਲ ਅਫਸਰ ਨੇ ਪੇਸ਼ੀ ਦੌਰਾਨ ਅਪੀਲਕਰਤਾ ਨੂੰ ਸੂਚਨਾ ਦਸਤੀ ਦੇ ਦਿੱਤੀ ਸੀ। ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੀ ਪੂਰਤੀ ਹੋ ਸਕੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 20-02-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਪੇਸ਼ੀ, ਮਿਤੀ 20-02-2019 ਤੇ ਅਪੀਲਕਰਤਾ ਨੇ ਹਾਜ਼ਰ ਹੋ ਕੇ ਦੱਸਿਆ ਸੀ ਕਿ ਉਸ ਵੱਲੋਂ ਉੱਤਰਦਾਤਾ ਕੋਲੋਂ ਪ੍ਰਾਪਤ ਹੋਈ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਆਪਣੇ ਪੱਤਰ ਨੰ:1507, ਮਿਤੀ 01-02-2019 ਰਾਹੀਂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਿਤ ਕੀਤਾ ਗਿਆ ਸੀ ਪਰੰਤੂ ਉੱਤਰਦਾਤਾ ਵੱਲੋਂ ਉਸ ਨੂੰ ਕੋਈ ਸੂਚਨਾ/ਜਵਾਬ ਨਹੀਂ ਭੇਜਿਆ ਗਿਆ । ਉੱਤਰਦਾਤਾ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ ਜਿਸ ਦਾ ਕਮਿਸ਼ਨ ਨੇ ਗੰਭੀਰ ਨੋਟਿਸ ਲਿਆ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸਖਤ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵੱਲੋਂ ਦੱਸੀਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਉਪਰੰਤ ਆਰ.ਟੀ.ਆਈ. ਐਕਟ ਤਹਿਤ ਬਣਦੀ ਸੂਚਨਾ ਰਜਿਸਟਰਡ ਡਾਕ ਰਾਹੀਂ ਅਪੀਲਕਰਤਾ ਨੂੰ ਪੇਸ਼ੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਭੇਜਦੇ ਹੋਏ ਅਗਲੀ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ।ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 19-03-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਪਰੰਤੂ ਬਾਅਦ ਵਿੱਚ ਇਸ ਕੇਸ ਦੀ ਸੁਣਵਾਈ ਮੁਲਤਵੀ ਕਰਕੇ ਇਹ ਕੇਸ ਅਗਲੀ ਸੁਣਵਾਈ ਮਿਤੀ 20-03-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

4. ਅਪੀਲਕਰਤਾ ਨੇ ਅੱਜ ਫਿਰ ਹਾਜ਼ਰ ਹੋ ਕੇ ਦੱਸਿਆ ਹੈ ਕਿ ਉਸ ਵੱਲੋਂ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਪਣੇ ਰਜਿਸਟਰਡ ਪੱਤਰ ਨੰ:1507, ਮਿਤੀ 01-02-2019 ਰਾਹੀਂ ਸੂਚਿਤ ਕਰਨ ਦੇ ਬਾਵਜੂਦ ਵੀ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਲੋਕ ਸੂਚਨਾ ਅਧਿਕਾਰੀ ਦਫਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਲੁਧਿਆਣਾ ਵੱਲੋਂ ਈ.ਮੇਲ ਰਾਹੀਂ ਭੇਜੇ ਗਏ ਪੱਤਰ ਨੰ:1259, ਮਿਤੀ 11-03-2019 ਰਾਹੀਂ ਕਮਿਸ਼ਨ ਨੂੰ ਲਿਖਿਆ ਗਿਆ ਹੈ ਕਿ ਇਹ ਅਪੀਲ ਕੇਸ ਮਾਈਨਿੰਗ ਵਿਭਾਗ ਨਾਲ ਸਬੰਧਤ ਹੈ ਅਤੇ ਬੇਨਤੀ ਕੀਤੀ ਗਈ ਹੈ ਕਿ ਇਸ ਕੇਸ ਵਿੱਚ ਲੋਕ ਸੂਚਨਾ ਅਧਿਕਾਰੀ-ਕਮ-ਮਾਈਨਿੰਗ ਅਫਸਰ, ਲੁਧਿਆਣਾ ਨੂੰ ਪਾਰਟੀ ਬਣਾਇਆ ਜਾਵੇ।

5. ਕਮਿਸ਼ਨ ਦੇ ਹੁਕਮ, ਮਿਤੀ 20-02-2019 ਰਾਹੀਂ ਉੱਤਰਦਾਤਾ, ਲੋਕ ਸੂਚਨਾ ਅਧਿਕਾਰੀ ਦਫਤਰ ਜ਼ਿਲ੍ਹਾ ਉਦਯੋਗ ਕੇਂਦਰ, ਲੁਧਿਆਣਾ ਨੂੰ ਸਖਤ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵੱਲੋਂ ਦੱਸੀਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਉਪਰੰਤ ਆਰ.ਟੀ.ਆਈ. ਐਕਟ ਤਹਿਤ ਬਣਦੀ ਸੂਚਨਾ ਰਜਿਸਟਰਡ ਡਾਕ ਰਾਹੀਂ ਅਪੀਲਕਰਤਾ ਨੂੰ ਪੇਸ਼ੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਭੇਜਦੇ ਹੋਏ ਅਗਲੀ ਪੇਸ਼ੀ ਤੇ ਖੁਦ ਹਾਜ਼ਰ ਹੋ ਕੇ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਪਰੰਤੂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ

ਚਲਦਾ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:3640 ਆਫ਼ 2018**

ਕਮਿਸ਼ਨ ਦੇ ਹੁਕਮਾਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਅਪੀਲਕਰਤਾ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ ਅਤੇ ਨਾ ਹੀ ਅੱਜ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਸਪੱਸ਼ਟੀਕਰਣ ਹੀ ਪੇਸ਼ ਕੀਤਾ ਗਿਆ ਹੈ। ਲੋਕ ਸੂਚਨਾ ਅਧਿਕਾਰੀ ਦਫ਼ਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਲੁਧਿਆਣਾ ਵੱਲੋਂ ਹੁਣ ਇਹ ਕਿਹਾ ਜਾਣਾ ਵਾਜਿਬ ਨਹੀਂ ਹੈ ਕਿ ਇਹ ਮਾਮਲਾ ਉਨ੍ਹਾਂ ਨਾਲ ਸਬੰਧਤ ਨਹੀਂ ਹੈ ਕਿਉਂਕਿ ਉਨ੍ਹਾਂ ਵੱਲੋਂ ਪੇਸ਼ੀ ਮਿਤੀ 20-02-2019 ਤੇ ਅਪੀਲਕਰਤਾ ਨੂੰ ਪਹਿਲਾਂ ਦਸਤੀ ਸੂਚਨਾ ਮੁਹੱਈਆ ਕਰਵਾਈ ਸੀ।

6. ਉਪਰੋਕਤ ਦਰਸਾਈ ਗਈ ਸਥਿਤੀ ਦੇ ਸਨਮੁੱਖ ਉੱਤਰਦਾਤਾ, ਸ਼੍ਰੀ ਬਲਵਿੰਦਰ ਸਿੰਘ, ਲੋਕ ਸੂਚਨਾ ਅਧਿਕਾਰੀ, ਦਫਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਲੁਧਿਆਣਾ ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਤਹਿਤ ਕਾਰਨ-ਦੱਸੋ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਉਹ ਹਲਫੀਆ-ਬਿਆਨ ਰਾਹੀਂ ਕਾਰਨ ਸਪੱਸ਼ਟ ਕਰਨ ਕਿ ਕਿਉਂ ਨਾ ਉਨ੍ਹਾਂ ਨੂੰ ਅਪੀਲਕਰਤਾ ਵੱਲੋਂ ਬਿਨੈ-ਪੱਤਰ ਪੇਸ਼ ਕਰਨ ਦੀ ਮਿਤੀ ਤੋਂ ਅਪੀਲਕਰਤਾ ਨੂੰ ਲੋੜੀਂਦੀ ਸੂਚਨਾ ਮੁਹੱਈਆ ਕਰਨ ਦੀ ਮਿਤੀ ਤੱਕ 250/-ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਪਰ ਵੱਧ ਤੋਂ ਵੱਧ 25,000/-ਰੁਪਏ ਤੱਕ ਜੁਰਮਾਨੇ ਦੀ ਸਜ਼ਾ ਦਿੱਤੀ ਜਾਵੇ।

ਉਕਤ ਤਜਵੀਜ਼ਤ ਸਜ਼ਾ ਦੇਣ ਤੋਂ ਪਹਿਲਾਂ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਦੇ ਹੇਠਾਂ ਦਿੱਤੇ ਗਏ ਪ੍ਰੋਵੀਜ਼ੋ ਤਹਿਤ ਸਬੰਧਤ ਅਧਿਕਾਰੀ ਨੂੰ ਆਪਣਾ ਜਵਾਬ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਉਹ ਨਿਸ਼ਚਿਤ ਮਿਤੀ ਤੋਂ ਪਹਿਲਾਂ ਜਾਂ ਨਿਸ਼ਚਿਤ ਮਿਤੀ ਤੇ ਹਾਜ਼ਰ ਹੋ ਕੇ ਆਪਣਾ ਲਿਖਤੀ ਜਵਾਬ ਪੇਸ਼ ਨਹੀਂ ਕਰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁੱਝ ਵੀ ਕਹਿਣਾ ਨਹੀਂ ਚਾਹੁੰਦੇ ਅਤੇ ਐਕਟ ਦੇ ਉਪਬੰਧਾਂ ਤਹਿਤ ਉਨ੍ਹਾਂ ਵਿਰੁੱਧ ਬਣਦੀ ਅਗਲੇਰੀ ਇਕਤਰਫਾ ਕਾਰਵਾਈ ਕੀਤੀ ਜਾਵੇਗੀ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 23-04-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 20 ਮਾਰਚ, 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਪ੍ਰੇਮ ਕੁਮਾਰ ਰਤਨ, (98722-20039)
ਮਕਾਨ ਨੰ:788, ਪਾਰਕ ਰੋਡ,
ਨਵੀਂ ਮੰਡੀ ਧੂਰੀ,
ਜ਼ਿਲ੍ਹਾ ਸੰਗਰੂਰ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਨਗਰ ਕੌਂਸਿਲ, ਧੂਰੀ,
ਜ਼ਿਲ੍ਹਾ ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ,
ਪਟਿਆਲਾ। ........ਉੱਤਰਦਾਤਾ

**ਅਪੀਲ ਕੇਸ ਨੰ:2572 ਆਫ਼ 2018**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਵੀ ਨਹੀਂ।

**ਹੁਕਮ:**

ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ. ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਹ 2-3 ਵਾਰ ਸੂਚਨਾ ਲੈਣ ਵਾਸਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਦੇ ਦਫਤਰ ਗਿਆ ਸੀ ਪਰੂੰਤ ਉਨ੍ਹਾਂ ਵੱਲੋਂ ਸੂਚਨਾ ਤਿਆਰ ਨਾ ਹੋਣ ਬਾਰੇ ਅਪੀਲਕਰਤਾ ਨੂੰ ਲਿਖਤੀ ਰੂਪ ਵਿੱਚ ਦੱਸਦੇ ਹੋਏ ਸੂਚਨਾ ਦੇਣ ਲਈ ਸਮੇਂ ਦੀ ਮੰਗ ਕੀਤੀ ਹੈ। ਉੱਤਰਦਾਤਾ ਵੱਲੋਂ ਵੀ ਅੱਜ ਪੇਸ਼ੀ ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋਂ ਵੀ ਅੱਜ ਹਾਜ਼ਰ ਨਾ ਹੋਣ ਬਾਰੇ ਈ. ਮੇਲ ਰਾਹੀਂ ਅਪੀਲਕਰਤਾ ਨੂੰ ਸੰਬੋਧਿੰਤ ਕੀਤੇ ਗਏ ਪੱਤਰ, ਮਿਤੀ 18-03-2019 ਦੀ ਕਾਪੀ ਭੇਜੀ ਗਈ ਹੈ ਜਿਸ ਅਨੁਸਾਰ ਕਰਮਚਾਰੀਆਂ ਦੀ ਚੋਣਾਂ ਵਿੱਚ ਡਿਊਟੀ ਲੱਗਣ ਕਾਰਨ ਅਪੀਲਕਰਤਾ ਦੀ ਸਹਿਮਤੀ ਨਾਲ ਮਿਤੀ 10-04-2019 ਤੱਕ ਸੂਚਨਾ ਮੁਹੱਈਆ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 04-06-2019 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 20 ਮਾਰਚ, 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਤੇਜਿੰਦਰ ਸਿੰਘ (90410-04313)
ਪਿੰਡ ਭੋਲਾਪੁਰ, ਡਾਕਖਾਨਾ ਰਾਮਗੜ੍ਹ,
ਚੰਡੀਗੜ੍ਹ ਰੋਡ, ਲੁਧਿਆਣਾ-141123. -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਨਗਰ ਕੌਂਸਿਲ,
ਮਲੇਰਕੋਟਲਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ:18 ਆਫ਼ 2019**

**ਹਾਜ਼ਰ:-**

1) ਸ਼੍ਰੀ ਤੇਜਿੰਦਰ ਸਿੰਘ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਕਰਮ ਚੰਦ, ਜੂਨੀਅਰ ਇੰਜੀਨੀਅਰ (98781-36369)।

**ਹੁਕਮ:**

ਪਿਛਲੀ ਪੇਸ਼ੀ, ਮਿਤੀ 20-02-2019 ਤੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਬਿਸ਼ਨ ਦਾਸ, ਚੀਫ ਸੈਨੇਟਰੀ ਇੰਸਪੈਕਟਰ ਨੇ ਕਿਹਾ ਸੀ ਕਿ ਅਪੀਲਕਰਤਾ ਨੂੰ ਸੂਚਨਾ ਦੇ ਦਿੱਤੀ ਗਈ ਹੈ। ਅਪੀਲਕਰਤਾ ਨੇ ਕਿਹਾ ਸੀ ਕਿ ਉੱਤਰਦਾਤਾ ਵੱਲੋਂ ਦਿੱਤੀ ਗਈ ਸੂਚਨਾ ਦੇ ਨੁਕਤਾ ਨੰ:1, 6 ਅਤੇ 7 ਵਿੱਚ ਤਰੁੱਟੀਆਂ ਹਨ ਜਿਨ੍ਹਾਂ ਬਾਰੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵੱਲੋਂ ਦੱਸੀਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਉਪਰੰਤ ਆਰ.ਟੀ.ਆਈ. ਐਕਟ ਤਹਿਤ ਬਣਦੀ ਨੁਕਤਾ ਨੰ:1,6 ਅਤੇ 7 ਬਾਰੇ ਸੂਚਨਾ ਰਜਿਸਟਰਡ ਡਾਕ ਰਾਹੀਂ ਅਪੀਲਕਰਤਾ ਨੂੰ ਪੇਸ਼ੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਭੇਜੀ ਜਾਣੀ ਯਕੀਨੀ ਬਣਾਈ ਜਾਵੇ।ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 19-03-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ਪਰੰਤੂ ਬਾਅਦ ਵਿੱਚ ਇਸ ਕੇਸ ਦੀ ਸੁਣਵਾਈ ਮੁਲਤਵੀ ਕਰਕੇ ਇਹ ਕੇਸ ਅਗਲੀ ਸੁਣਵਾਈ ਮਿਤੀ 20-03-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਫਿਰ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਨੁਕਤਾ ਨੰ:1, 6 ਅਤੇ 7 ਬਾਰੇ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਕਰਮ ਚੰਦ, ਜੂਨੀਅਰ ਇੰਜੀਨੀਅਰ ਨੇ ਅਪੀਲਕਰਤਾ ਨੂੰ ਪੇਸ਼ੀ ਦੌਰਾਨ ਸੂਚਨਾ ਦਸਤੀ ਦੇ ਦਿੱਤੀ ਹੈ। ਅਪੀਲਕਰਤਾ ਨੇ ਸੂਚਨਾ ਪ੍ਰਾਪਤ ਕਰ ਲਈ ਹੈ ਅਤੇ ਸੂਚਨਾ ਨੂੰ ਚੈੱਕ ਕਰਨ ਵਾਸਤੇ ਕੁੱਝ ਸਮੇਂ ਦੀ ਮੰਗ ਕੀਤੀ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 07-05-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

ਮਿਤੀ: ਚੰਡੀਗੜ੍ਹ, 20 ਮਾਰਚ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**


ਸ਼੍ਰੀ ਕ੍ਰਿਸ਼ਨ ਕੌਸ਼ਿਕ, (99150-43105)
ਪ੍ਰਿੰਸੀਪਲ (ਰਿਟਾਇਰਡ),
72 ਏ-ਐਸ, ਗਲੀ ਨੰ: 2
ਸੰਤ ਨਗਰ, ਪਟਿਆਲਾ। ----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ, ਡਾਇਰੈਕਟਰ (ਕਾਲਿਜਾਂ) ਪੰਜਾਬ,
ਸਿੱਖਿਆ ਭਵਨ, ਮੋਹਾਲੀ। -----ਉੱਤਰਦਾਤਾ

**ਸ਼ਿਕਾਇਤ ਕੇਸ ਨੰ:1026 ਆਫ਼ 2018**

**ਹਾਜ਼ਰ:-** 1) ਸ਼੍ਰੀ ਕ੍ਰਿਸ਼ਨ ਕੌਸ਼ਿਕ, ਸ਼ਿਕਾਇਤਕਰਤਾ।
2) ਉੱਤਰਦਾਤਾ ਵੱਲੋਂ ਸ਼੍ਰੀ ਜ਼ਸਪਾਲ ਸਿੰਘ, ਸੀਨੀਅਰ ਸਹਾਇਕ (94170-59516)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 22-05-2018, ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ (ਕਾਲਿਜਾਂ) ਪੰਜਾਬ, ਮੋਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਸਾਲ 2015 ਤੋ 2017 ਤੱਕ ਆਪਣੀ ਕਮਾਈ ਛੁੱਟੀ ਅਤੇ ਸਾਲਾਨਾ ਤਨਖਾਹ ਤਰੱਕੀ ਨਾਲ ਸਬੰਧਤ 13 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-09-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 15-11-2018 ਨੂੰ ਪਹਿਲੀ ਸੁਣਵਾਈ ਮਿਤੀ 13-12-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ ਵੱਲੋਂ ਹਾਜ਼ਰ, ਸ਼੍ਰੀ ਜ਼ਸਪਾਲ ਸਿੰਘ, ਸੀਨੀਅਰ ਸਹਾਇਕ ਨੇ ਪੱਤਰ ਨੰ:852, ਮਿਤੀ 19-03-2019 ਪੇਸ਼ ਕਰਦੇ ਹੋਏ ਕਿਹਾ ਹੈ ਕਿ ਉਨ੍ਹਾਂ ਵੱਲੋਂ ਪਹਿਲਾਂ ਭੇਜੀ ਗਈ ਸੂਚਨਾ ਬਾਰੇ ਸ਼ਿਕਾਇਤਕਰਤਾ ਦੇ ਪੱਤਰ, ਮਿਤੀ 07-03-2019 ਰਾਹੀਂ ਪ੍ਰਾਪਤ ਹੋਈਆਂ ਤਰੁੱਟੀਆਂ ਨੂੰ ਦੂਰ ਕਰਨ ਉਪਰੰਤ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਸ਼ਿਕਾਇਤਕਰਤਾ ਨੇ ਮੰਨਿਆ ਹੈ ਕਿ ਉਸ ਨੂੰ ਸੂਚਨਾ ਪ੍ਰਾਪਤ ਹੋ ਗਈ ਹੈ ਅਤੇ ਉਹ ਪ੍ਰਾਪਤ ਸੂਚਨਾ ਤੋਂ ਸੰਤੁਸ਼ਟ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 20 ਮਾਰਚ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**